# Official Spokesperson's response to media queries on a press release no. 238/2020 dated 4th June 2020 by Pakistan Foreign Office

June 05, 2020

.......................................................................................................................

# ਪਾਕਿਸਤਾਨੀ ਵਿਦੇਸ਼ ਦਫ਼ਤਰ ਦੁਆਰਾ ਮਿਤੀ 4 ਜੂਨ, 2020 ਨੂੰ ਜਾਰੀ ਕੀਤੇ ਗਏ ਪ੍ਰੈਸ ਬਿਆਨ ਨੰਬਰ 238/2020 ਬਾਰੇ ਮੀਡੀਆ ਦੇ ਪ੍ਰਸ਼ਨਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

5 ਜੂਨ, 2020

**ਪਾਕਿਸਤਾਨੀ ਵਿਦੇਸ਼ ਦਫ਼ਤਰ ਦੁਆਰਾ ਮਿਤੀ 4 ਜੂਨ, 2020 ਨੂੰ ਜਾਰੀ ਕੀਤੇ ਗਏ ਪ੍ਰੈਸ ਬਿਆਨ ਨੰਬਰ 238/2020 ਬਾਰੇ ਮੀਡੀਆ ਦੇ ਪ੍ਰਸ਼ਨਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ:**

"ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੂੰ ਇਹ ਗੱਲ ਯਾਦ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਪਾਕਿਸਤਾਨ ਵਿੱਚ ਹੁਣ ਵੀ **30,000** ਤੋਂ **40,000** ਅੱਤਵਾਦੀਆਂ ਦੇ ਹੋਣ ਦੀ ਗੱਲ ਮੰਨੀ ਸੀ। ਇਸ ਗੱਲ ਬਾਰੇ ਵੀ ਪਾਕਿਸਤਾਨ ਦੀ ਲੀਡਰਸ਼ਿਪ ਦੇ ਬਿਆਨ ਰਿਕਾਰਡ 'ਚ ਦਰਜ ਹਨ ਕਿ ਪਿਛਲੇ ਸਮੇਂ ਵਿੱਚ ਅੱਤਵਾਦੀਆਂ ਨੇ ਹੋਰਨਾਂ ਮੁਲਕਾਂ 'ਤੇ ਅੱਤਵਾਦੀ ਹਮਲੇ ਅੰਜਾਮ ਦੇਣ ਲਈ ਪਾਕਿਸਤਾਨ ਦੀ ਸਰਜ਼ਮੀਨ ਦੀ ਵਰਤੋਂ ਕੀਤੀ ਸੀ।

ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਵਿਸ਼ਲੇਸ਼ਣ ਸਹਾਇਤਾ ਅਤੇ ਪਾਬੰਦੀ ਨਿਗਰਾਨੀ ਟੀਮ ਦੀ ਰਿਪੋਰਟ ਨੇ ਸਿਰਫ ਉਹੀ ਗੱਲ ਦੁਹਰਾਈ ਹੈ, ਜੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਪਹਿਲਾਂ ਹੀ ਕਬੂਲੀ ਹੈ। ਇਸ ਰਿਪੋਰਟ 'ਤੇ ਸਵਾਲ ਚੁੱਕਣ ਦੀ ਥਾਂ ਪਾਕਿਸਤਾਨ ਨੂੰ ਆਤਮ ਨਿਰੀਖਣ ਕਰਨਾ ਚਾਹੀਦਾ ਹੈ ਅਤੇ ਆਪਣੇ ਕੰਟਰੋਲ ਹੇਠਲੇ ਖੇਤਰਾਂ 'ਚੋਂ ਪੈਦਾ ਹੋ ਰਹੇ ਅੱਤਵਾਦ ਨੂੰ ਕਿਸੇ ਵੀ ਕਿਸਮ ਦੀ ਹਿਮਾਇਤ ਦੇਣਾ ਬੰਦ ਕਰਨਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਅਤੇ ਕੌਮਾਂਤਰੀ ਭਾਈਚਾਰਾ ਇਸ ਸੱਚਾਈ ਨਾਲ ਚੰਗੀ ਤਰ੍ਹਾਂ ਜਾਣੂ ਹੈ ਕਿ ਪਾਕਿਸਤਾਨ ਅੱਤਵਾਦ ਦਾ ਅੱਡਾ ਹੈ। ਇਸਦੇ ਇਲਾਕੇ ਅੰਦਰ ਸੰਯੁਕਤ ਰਾਸ਼ਟਰ ਵੱਲੋਂ ਐਲਾਨੇ ਗਈ ਅੱਤਵਾਦੀਆਂ ਅਤੇ ਅੱਤਵਾਦੀ ਸੰਗਠਨਾਂ ਦੀ ਵੱਡੀ ਗਿਣਤੀ ਮੌਜੂਦ ਹੈ. ਇਸ ਦੀਆਂ ਦੂਜਿਆਂ ਵੱਲ ਉੰਗਲ ਚੁੱਕਣ ਦੀਆਂ ਝੂਠੀਆਂ ਕੋਸ਼ਿਸ਼ਾਂ ਨਾਲ ਜ਼ਮੀਨੀ ਤੱਥਾਂ ਤੋਂ ਧਿਆਨ ਨਹੀਂ ਹਟਾਇਆ ਜਾ ਸਕਦਾ ਹੈ।

ਇਸ ਤੋਂ ਛੁੱਟ ਪਾਕਿਸਤਾਨ ਵੱਲੋਂ ਭਾਰਤੀ ਅਤੇ ਅਫਗਾਨਿਸਤਾਨੀ ਲੋਕਾਂ ਦੇ ਰਵਾਇਤੀ ਅਤੇ ਦੋਸਤਾਨਾ ਸਬੰਧਾਂ ਵਿਚ ਪਾੜਾ ਪਾਉਣ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣਗੀਆਂ। ਅਫਗਾਨਿਸਤਾਨੀ ਲੋਕ ਅਤੇ ਕੌਮਾਂਤਰੀ ਭਾਈਚਾਰਾ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ "ਰੰਗ ਵਿੱਚ ਭੰਗ" ਕੌਣ ਪਾ ਰਿਹਾ ਹੈ ਅਤੇ ਕੌਣ ਨਿਰਦੋਸ਼ ਅਫਗਾਨਾਂ ਅਤੇ ਅੰਤਰਰਾਸ਼ਟਰੀ ਭਾਈਚਾਰੇ ਖ਼ਿਲਾਫ਼ ਹਿੰਸਾ ਕਰਨ ਲਈ ਅੱਤਵਾਦੀਆਂ ਨੂੰ ਪਨਾਹ, ਸਿਖਲਾਈ, ਹਥਿਆਰ ਅਤੇ ਪੈਸਾ ਦੇ ਰਿਹਾ ਹੈ।"

**ਨਵੀਂ ਦਿੱਲੀ**

5 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.